# ਵਿਦੇਸ਼ ਮੰਤਰਾਲੇ (ਐਮ.ਈ.ਏ) ਦੇ ਪ੍ਰਵਾਸੀ ਨੌਜਵਾਨਾਂ ਵਾਸਤੇ ਪ੍ਰਮੁੱਖ 'ਨੋ ਇੰਡੀਆ ਪ੍ਰੋਗਰਾਮ' ਨੇ 20 ਸਾਲ ਪੂਰੇ ਕਰੇ

ਦਸੰਬਰ 29, 2023

ਸਕੱਤਰ (ਸੀ.ਪੀ.ਵੀ. ਅਤੇ ਓ.ਆਈ.ਏ) ਸ਼੍ਰੀ ਮੁਕਤੇਸ਼ ਕੇ. ਪ੍ਰਦੇਸ਼ੀ ਨੇ ਅੱਜ ਵਿਦੇਸ਼ ਮੰਤਰਾਲੇ ਵਿਖੇ ਆਯੋਜਿਤ ਕੀਤੇ ਗਏ ਇੱਕ ਸਮਾਰੋਹ ਵਿੱਚ ਭਾਰਤ ਨੂੰ ਜਾਣੋ ਪ੍ਰੋਗਰਾਮ (ਕੇ.ਆਈ.ਪੀ) ਦੇ 70ਵੇ ਸੰਸਕਰਣ ਦੇ ਸਮਾਪਨ ਸਤਰ ਨੂੰ ਸੰਬੋਧਿਤ ਕੀਤਾ। 70ਵਾਂ ਭਾਰਤ ਨੂੰ ਜਾਣੋ ਪ੍ਰੋਗਰਾਮ, ਜਿਹੜਾ 11-29 ਦਸੰਬਰ 2023 ਨੂੰ ਹੋਇਆ, ਵਿੱਚ ਫਿਜੀ, ਮਾਰੀਸ਼ਸ, ਤ੍ਰਿਨੀਦਾਦ ਅਤੇ ਟੋਬੈਗੋ, ਸੁਰੀਨਾਮ, ਸ਼੍ਰੀਲੰਕਾ, ਦੱਖਣੀ ਅਫਰੀਕਾ, ਮਿਆਂਮਾਰ, ਮਲੇਸ਼ੀਆ ਅਤੇ ਕੋਲੰਬੀਆ ਤੋਂ 34 ਭਾਗੀਦਾਰਾਂ ਦਾ ਸੁਆਗਤ ਕੀਤਾ ਗਿਆ।

2. ਭਾਰਤ ਨੂੰ ਜਾਣੋ ਪ੍ਰੋਗਰਾਮ 20 ਸਾਲ ਦੇ ਇੱਕ ਮਹੱਤਵਪੂਰਨ ਪੜਾਅ ਤੇ ਪਹੁੰਚ ਗਿਆ ਹੈ, ਜੋ ਇਸਨੂੰ ਭਾਰਤ ਸਰਕਾਰ ਦੇ ਸਬਤੋ ਲੰਬੇ ਚਲਣ ਵਾਲੇ ਪ੍ਰਵਾਸੀ ਸ਼ਮੂਲੀਅਤ ਪ੍ਰੋਗਰਾਮਾਂ ਵਿੱਚੋ ਇੱਕ ਬਣਾਉਂਦਾ ਹੈ। ਇਹ ਪ੍ਰੋਗਰਾਮ 2003 ਵਿੱਚ ਸ਼ੁਰੂ ਕੀਤਾ ਗਿਆ ਸੀ, ਜਿਸਦਾ ਮੁੱਖ ਉਦੇਸ਼ ਭਾਰਤੀ ਪ੍ਰਵਾਸੀ ਨੌਜਵਾਨਾਂ ਅਤੇ ਉਨ੍ਹਾਂ ਦੇ ਜੱਦੀ ਵਤਨ ਵਿਚਕਾਰ ਨਜ਼ਦੀਕੀ ਸਬੰਧਾਂ ਨੂੰ ਉਤਸ਼ਾਹਿਤ ਕਰਨਾ ਸੀ। ਤੀਨ ਹਫਤੇ ਦਾ ਪ੍ਰੋਗਰਾਮ ਪ੍ਰਵਾਸੀ ਨੌਜਵਾਨਾਂ ਨੂੰ ਭਾਰਤ ਦੇ ਇਤਿਹਾਸ ਅਤੇ ਸੱਭਿਆਚਾਰਕ ਵਿਰਾਸਤ, ਨਾਲ ਹੀ ਆਧੁਨਿਕ ਭਾਰਤ ਦੀ ਤਰੱਕੀ ਅਤੇ ਵਿਕਾਸ ਦੇ ਨਾਲ ਰੂਬਰੂ ਕਰਵਾਉਂਦਾ ਹੈ।

3. 20 ਸਾਲਾਂ ਵਿੱਚ, 53 ਦੇਸ਼ਾਂ ਤੋਂ 2513 ਪੀਆਈਓ ਨੌਜਵਾਨਾਂ ਨੇ ਵੱਖ-ਵੱਖ ਕੇਆਈਪੀ ਸੰਸਕਰਣਾਂ ਵਿੱਚ ਭਾਗ ਲਿੱਤਾ ਹੈ, ਜਿਸਦੇ ਵਿੱਚ ਜਿਆਦਾਤਰ ਭਾਗੀਦਾਰੀ ਦੱਖਣੀ ਅਫ਼ਰੀਕਾ, ਫਿਜੀ, ਮਾਰੀਸ਼ਸ, ਤ੍ਰਿਨੀਦਾਦ ਅਤੇ ਟੋਬੈਗੋ, ਗੁਆਨਾ, ਸੂਰੀਨਾਮ, ਮਿਆਂਮਾਰ, ਆਸਟ੍ਰੇਲੀਆ, ਇਜ਼ਰਾਈਲ, ਫਰਾਂਸ, ਮਲੇਸ਼ੀਆ, ਨੀਦਰਲੈਂਡ, ਨਿਊਜ਼ੀਲੈਂਡ, ਆਸਟ੍ਰੇਲੀਆ, ਰੀਯੂਨੀਅਨ ਆਈਲੈਂਡ, ਸ਼੍ਰੀਲੰਕਾ, ਕੈਨੇਡਾ, ਯੂਨਾਈਟਿਡ ਕਿੰਗਡਮ, ਅਤੇ ਸੰਯੁਕਤ ਰਾਜ ਅਮਰੀਕਾ ਦੇ ਪ੍ਰਵਾਸੀਆਂ ਵਿੱਚੋ ਆਈ।

4. ਭਾਰਤ ਨੂੰ ਜਾਣੋ ਪ੍ਰੋਗਰਾਮ ਸਾਰੇ ਦੇਸ਼ਾਂ ਦੇ ਭਾਰਤੀ ਮੂਲ (21-35 ਸਾਲ) ਦੇ ਲੋਕਾਂ ਵਾਸਤੇ ਖੁੱਲ੍ਹਾ ਹੈ, ਜਿਸ ਵਿੱਚ ਗਿਰਮੀਟੀਆ ਦੇਸ਼ਾਂ ਦੇ ਨੌਜਵਾਨਾਂ ਨੂੰ ਤਰਜੀਹ ਦਿੱਤੀ ਜਾਂਦੀ ਹੈ।. ਚੁਣੇ ਗਏ ਭਾਗੀਦਾਰਾਂ ਨੂੰ, ਪ੍ਰੋਗਰਾਮ ਦੇ ਹਿੱਸੇ ਵਜੋਂ, ਵਾਪਸੀ ਹਵਾਈ ਟਿਕਟ (ਭਾਗੀਦਾਰ ਹਵਾਈ ਟਿਕਟ ਦੀ 10% ਕੀਮਤ ਸਹਿਣ ਕਰਦਾ ਹੈ), ਅਤੇ ਬੋਰਡਿੰਗ/ਰਹਾਇਸ਼ ਅਤੇ ਆਵਾਜਾਈ ਸਮੇਤ ਸਥਾਨਕ ਪਰਾਹੁਣਚਾਰੀ ਦਿੱਤੀ ਜਾਂਦੀ ਹੈ।

5. ਪ੍ਰੋਗਰਾਮ ਦੇ ਕੁਝ ਮੁੱਖ ਤੱਤਾਂ ਵਿੱਚ ਇਤਿਹਾਸਕ ਅਤੇ ਸੱਭਿਆਚਾਰਕ ਮਹੱਤਤਾ ਵਾਲੇ ਸਥਾਨਾਂ ਦੇ ਦੌਰੇ ; ਯੋਗਾ, ਆਯੁਰਵੇਦ, ਅਤੇ ਸੰਗੀਤ ਅਤੇ ਨ੍ਰਿਤ ਦੇ ਕਲਾਸੀਕਲ ਰੂਪਾਂ ਨਾਲ ਜਾਣੂ ਹੋਣਾ; ਲੋਕਤੰਤਰ ਅਤੇ ਸ਼ਾਸਨ ਦੀਆਂ ਸੰਸਥਾਵਾਂ ਜਿਵੇਂ ਕਿ ਭਾਰਤ ਦੀ ਸੰਸਦ, ਭਾਰਤੀ ਚੋਣ ਕਮਿਸ਼ਨ, ਰਾਸ਼ਟਰਪਤੀ ਭਵਨ ਦਾ ਦੌਰਾ; ਪ੍ਰਮੁੱਖ ਵਿਦਿਅਕ ਸੰਸਥਾਵਾਂ ਨਾਲ ਗੱਲਬਾਤ; ਡਿਜੀਟਲ ਇੰਡੀਆ, ਸਟਾਰਟਅੱਪ ਇੰਡੀਆ, ਅਤੇ ਮੇਕ ਇਨ ਇੰਡੀਆ ਵਰਗੀਆਂ ਪ੍ਰਮੁੱਖ ਆਰਥਿਕ ਅਤੇ ਵਿਕਾਸ ਯੋਜਨਾਵਾਂ ਨਾਲ ਰੂਬਰੂ ਹੋਣਾ; ਅਤੇ ਨਿਰਮਾਣ ਅਤੇ ਸੇਵਾ ਖੇਤਰ ਵਿੱਚ ਭਾਰਤ ਦੀ ਤਾਕਤ ਨੂੰ ਉਜਾਗਰ ਕਰਨ ਲਈ ਉਦਯੋਗਿਕ ਸਾਈਟਾਂ, ਜਨਤਕ ਅਤੇ ਨਿੱਜੀ ਫਰਮਾਂ ਦੇ ਦੌਰੇ ਸ਼ਾਮਲ ਹਨ।

6. 71ਵਾਂ ਭਾਰਤ ਨੂੰ ਜਾਣੋ ਪ੍ਰੋਗਰਾਮ 03-19 ਜਨਵਰੀ 2024 ਤੱਕ ਆਯੋਜਿਤ ਕੀਤਾ ਜਾਵੇਗਾ।

**ਨਵੀ ਦਿੱਲੀ**
**ਦਸੰਬਰ 29, 2023**